

ਪਾਰਕਿੰਗ ਲਾਟ ਦੀਆਂ ਨਾਲੀਆਂ, ਜਿਹਨਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵੀ ਕਹਿੰਦੇ ਹਨ, ਪਾਣੀ ਦੇ ਨਾਲਿਆਂ ਨਾਲ ਜੁੜੀਆਂ ਹੋਈਆਂ ਹਨ।



ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਨਿਸ਼ਾਨ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨਾਲ ਜੁੜੇ ਹੋਏ ਹਾਂ।

# ਆਟੋ ਰਿਪੇਅਰ ਅਤੇ ਬਾਡੀ ਸ਼ਾਪਾਂ

ਮੀਂਹ ਦੇ ਪਾਣੀ ਨੂੰ ਗੰਦਾ ਹੋਣ ਤੋਂ ਰੋਕ ਕੇ ਆਪਣੇ ਜਲ ਜੀਵਾਂ ਦੇ ਵਾਤਾਵਰਣ ਨੂੰ ਬਚਾਓ

## ਤਰਲ ਪਦਾਰਥਾਂ ਨੂੰ ਡੁੱਲਣ ਤੋਂ ਬਚਾਉਣਾ

ਤੇਲ ਡੁੱਲਣ ਤੋਂ ਰੋਕਣ ਲਈ ਆਪਣੀ ਦੁਕਾਨ ਨੂੰ ਸਾਫ ਤੇ ਤਰਤੀਬ ਨਾਲ ਰੱਖੋ:

- ਤੇਲ ਡੁੱਲਣ ਬਾਰੇ ਕਾਰਵਾਈ ਯੋਜਨਾ ਬਣਾਓ ਜਿਸਦੇ ਵਿੱਚ ਇੱਕ ਰਿਸਪ ਰਿਸਪਾਂਸ ਕਿੱਟ ਸ਼ਾਮਲ ਹੋਵੇ ਜਿਸਦੇ ਵਿੱਚ ਅਜੇਹਾ ਸਮਾਨ ਹੋਵੇ ਜਿਹੜਾ ਤੁਹਾਡੀ ਦੁਕਾਨ ਦੁਆਰਾ ਵਰਤੀਆਂ ਜਾਂਦੀਆਂ ਚੀਜ਼ਾਂ  ਜਾਂ ਪੈਦਾ ਕੀਤੇ ਮੈਲ ਨੂੰ ਚੂਸ ਸਕਦਾ ਹੋਵੇ।ਮੁਲਾਜ਼ਮਾਂ ਨੂੰ ਤੇਲ ਡੁੱਲਣ ਬਾਰੇ ਰਿਸਪਾਂਸ ਯੋਜਨਾ ਤੇ ਅਮਲ ਕਰਨ ਦੀ ਸਿਖਲਾਈ ਦੇਵੋ।
- ਡੁੱਲ੍ਹੇ ਹੋਏ ਮਸ਼ੀਨਾਂ ਦੇ ਤਰਲ ਪਦਾਰਥਾਂ ਜਾਂ ਹੋਰ ਹਾਨੀਕਾਰਕ ਚੀਜ਼ਾਂ ਨੂੰ ਤੁਰੰਤ ਸਾਫ ਕਰਨਾ ਜਾਂ ਕਾਬੂ ਕਰਨਾ ਜ਼ਰੂਰੀ ਹੈ ਤਾਂ ਜੋ ਉਹਨਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾਣ ਤੋਂ ਰੋਕਿਆ ਜਾ ਸਕੇ।

ਕਿਸੇ ਚੀਜ਼ ਦੇ ਗਲਤੀ ਨਾਲ ਵਾਤਾਵਰਣ ਵਿੱਚ ਡੁੱਲ ਜਾਣ ਦੀ ਸੂਰਤ ਵਿੱਚ ਤੁਰੰਤ ਪ੍ਰਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (ਫਓਫ)  ਨਾਲ 1.800.663.3456 ਤੇ ਸੰਪਰਕ ਕਰੋ।ਜੇਕਰ ਰਸਾਇਣ ਨੂੰ ਅੱਗ ਲੱਗ ਸਕਦੀ ਹੋਵੇ, ਉਹ ਜ਼ਹਿਰੀਲਾ ਜਾਂ ਖੋਰਨ ਵਾਲਾ ਹੋਵੇ, ਜਾਂ ਹੋਰ ਤਰਾਂ ਹਾਨੀਕਾਰਕ ਹੋਵੇ ਤਾਂ ਤੁਰੰਤ ਸਰੀ ਫਾਇਰ ਵਿਭਾਗ ਨਾਲ 911 ਤੇ ਫੋਨ ਕਰੋ।

ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਗੰਦਗੀ ਲਈ ਜ਼ੁੰਮੇਵਾਰ ਕਿਸੇ ਵੀ ਵਿਅਕਤੀ ਦੇ ਖਿਲਾਫ ਹੇਠ ਲਿਖੇ ਵਾਤਾਵਰਣ ਕਾਨੂੰਨ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀ ਸੀ ਖਤਰਨਾਕ ਗੰਦਗੀ ਨਿਯਮ
- ਬੀ ਸੀ ਵਾਤਾਵਰਣ ਮੈਨੇਜਮੈਂਟ ਕਾਨੂੰਨ
- ਸਰੀ ਬਾਈ-ਲਾਅ ਨੰਬਰ 16610

## ਵਧੇਰੇ ਜਾਣਕਾਰੀ ਲਈ

ਆਰ ਸੀ ਬੀ ਸੀ ਰੀਸਾਈਕਲਿੰਗ ਹਾਟਲਾਈਨ
604.732.9253

ਸਿਟੀ ਆਫ ਸਰੀ, ਪਲੰਬਿੰਗ ਸੈਕਸ਼ਨ
604.591.4245

ਸਿਟੀ ਆਫ ਸਰੀ
ਡਰੇਨੇਜ ਐਂਡ ਐਨਵਾਇਰਨਮੈਂਟ ਸੈਕਸ਼ਨ
604.591.4321

ਮੈਟਰੋ ਵੈਨਕੂਵਰ
ਸੋਰਸ ਕੰਟਰੋਲਲ
604.436.6777

ਸਰੀ ਫਾਇਰ ਡਿਪਾਰਟਮੈਂਟ
604.543.6760

ਯੂਜ਼ਡ ਆਇਲ ਮੈਨੇਜੇਮੈਂਟ ਐਸੋਸੀਏਸ਼ਨ
www.usedoilrecycling.com

ਜੇ ਤੁਸੀਂ ਡੁੱਲੇ ਹੋਏ ਤੇਲ ਜਾਂ ਰਸਾਇਣਾਂ ਨੂੰ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਵਗਦੇ ਵੇਖੋ ਤਾਂ ਕ੍ਰਿਪਾ ਕਰਕੇ ਸਿਟੀ ਆਫ ਸਰੀ ਦੇ ਇੰਜਨੀਅਰਿੰਗ ਵਿਭਾਗ ਨਾਲ ਇਹਨਾਂ ਨੰਬਰਾਂ ਤੇ ਸੰਪਰਕ ਕਰੋ:
604.590.7226, ਬਾਅਦ ਦੁਪਹਿਰ 4:30 ਤੋਂ ਬਾਅਦ 604.591.4431 ਤੇ।



**ਕੀ ਤੁਸੀਂ ਜਾਣਦੇ ਹੋ?** ਗੰਧਲੇ ਹੋਏ ਮੋਟਰ ਆਇਲ ਦਾ ਇੱਕ ਤੁਪਕਾ ਪਾਣੀ ਨਾਲ ਭਰੇ ਹੋਏ ਸਵਿਮਿੰਗ ਪੂਲ ਨੂੰ ਗੰਦਾ ਕਰ ਸਕਦਾ ਹੈ। ਸਰੀ ਵਿੱਚ 1500 ਤੋਂ ਵਧੇਰੇ ਖੁੱਲ੍ਹੇ ਕਰੀਕ ਅਤੇ ਨਾਲੇ ਹਨ। ਇਹ ਕਰੀਕ ਪਾਣੀ ਦੇ ਨਾਲਿਆਂ ਦਾ ਇੱਕ ਮਹੱਤਵਪੂਰਣ ਤਾਣਾਬਾਣਾ ਬਣਾਉਂਦੇ ਹਨ ਜਿਹੜੇ ਸੈਮਨ, ਟਰਾਊਟ ਅਤੇ ਪਾਣੀ ਵਿੱਚ ਰਹਿਣ ਵਾਲੇ ਹੋਰ ਜੀਵਾਂ ਲਈ ਕੁਦਰਤੀ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ।






## ਆਟੋ ਸਰਵਿਸ ਅਤੇ ਰਿਪੇਅਰ

ਆਟੋ ਸਰਵਿਸ ਅਤੇ ਰਿਪੇਅਰ ਵਾਲੀਆਂ ਥਾਵਾਂ ਮੀਂਹ ਦੇ ਪਾਣੀ ਵਿੱਚ ਗੰਦਗੀ ਫੈਲਣ ਦਾ ਇੱਕ "ਮੁੱਖ ਸਾਧਨ" ਹਨ ਜਿੱਥੇ ਵੱਡੀ ਮਿਕਦਾਰ ਵਿੱਚ ਹਾਈਡਰੋਕਾਰਬਨ, ਟਰੇਸ ਮੈਟਲ ਅਤੇ ਹੋਰ ਗੰਦਗੀ ਫੈਲਾਉਣ ਵਾਲੀਆਂ ਚੀਜ਼ਾਂ ਮੀਂਹ ਦੇ ਪਾਣੀ ਦੇ ਵਹਾਅ ਵਿੱਚ ਸ਼ਾਮਲ ਹੋ ਸਕਦੀਆਂ ਹਨ।ਇਹ ਵਹਾਅ ਮੀਂਹ ਦੇ ਪਾਣੀ ਦੀਆਂ ਨਾਲੀਆਂ ਦੀ ਇਕੱਠੇ ਹੋਣ ਵਾਲੀ ਥਾਂ ਤੇ ਇਕੱਤਰ ਹੁੰਦਾ ਹੈ ਅਤੇ ਅੱਗੇ ਮੱਛੀਆਂ ਵਾਲੇ ਪਾਣੀ ਦੇ ਨਾਲਿਆਂ ਵਿੱਚ ਭੇਜਿਆ ਜਾਂਦਾ ਹੈ।ਮੱਛੀਆਂ ਅਤੇ ਪਾਣੀ ਵਾਲੇ ਹੋਰ ਜੀਵਾਂ ਤੇ ਪ੍ਰਦੂਸ਼ਨ ਦਾ ਬਹੁਤ ਅਸਰ ਹੁੰਦਾ ਹੈ।ਇਹ ਬਹੁਤ ਜ਼ਰੁਰੀ ਹੈ ਕਿ ਗੰਦਗੀ ਵਾਲੀਆਂ ਚੀਜ਼ਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਹੋਣ ਅਤੇ ਸਾਡੇ ਨਦੀਆਂ ਨਾਲਿਆਂ ਨੂੰ ਗੰਧਲਾ ਕਰਨ ਤੋ ਰੋਕਣ ਲਈ ਸਾਰੇ ਕਦਮ ਚੁੱਕੇ ਜਾਣ।
ਆਟੋ ਰਿਪੇਅਰ ਥਾਵਾਂ ਜਾਂ ਘਰੇ ਆਪਣੀ ਕਾਰ ਦੀ ਸਰਵਿਸ ਕਰਨ ਵਾਲੇ ਲੋਕਾਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਪ੍ਰਦੂਸ਼ਨ ਵਾਲੀਆਂ ਚੀਜ਼ਾਂ ਵਿੱਚ ਸ਼ਾਮਲ ਹਨ:

- ਘੁਲਣ ਵਾਲੀਆਂ ਚੀਜ਼ਾਂ (ਪੇਂਟ ਅਤੇ ਪੇਂਟ ਥਿਨਰ)
- ਐਂਟੀਫਰੀਜ਼
- ਬਰੇਕ ਤੇਲ ਅਤੇ ਬਰੇਕ ਪਾਈਪ
- ਬੈਟਰੀਆਂ
- ਮੋਟਰ ਆਇਲ
- ਤੇਲ (ਗੈਸੋਲੀਨ, ਡੀਜ਼ਲ, ਮਿੱਟੀ ਦਾ ਤੇਲ)
- ਗਰੀਸ

## ਬਿਹਤਰੀਨ ਪ੍ਰਬੰਧ ਦੇ ਢੰਗ

ਪ੍ਰਦੂਸ਼ਨ ਵਾਲੀਆਂ ਚੀਜ਼ਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਅਤੇ ਅਖੀਰ ਤੇ ਨਦੀਆਂ ਨਾਲਿਆਂ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਕ੍ਰਿਪਾ ਕਰਕੇ ਹੇਠ ਲਿਖੇ ਤਰੀਕਿਆਂ ਦਾ ਪਾਲਣ ਕਰੋ:

- ਗੰਦੇ ਪਾਣੀ, ਜਿਵੇਂ ਕਿ ਰੇਡੀਏਟਰ ਨੂੰ ਅੰਦਰੋਂ ਧੋਣ, ਸਟੀਮ ਕਲੀਨਿੰਗ, ਇੰਜਣ ਨੂੰ ਸ਼ੈਂਪੂ ਕਰਨ, ਪੁਰਜ਼ੇ ਧੋਣ ਅਤੇ ਕਾਸਟਿਕ ਨਾਲ ਸਾਫ ਸਫਾਈ ਕਰਨ ਦੇ ਧੋਣ ਨੂੰ ਲਾਜ਼ਮੀ ਕਿਸੇ ਮਨਜ਼ੂਰਸ਼ੁਦਾ ਸੀਵਰੇਜ ਕੁਨੈਕਸ਼ਨ ਵਿੱਚ ਸੁੱਟੋ ਜਾਂ ਇਹ ਕੰਮ ਅਜੇਹੀ ਥਾਂ ਤੇ ਕਰੋ ਜਿੱਥੇ ਤੇਲ ਅਤੇ ਗੰਦੇ ਪਾਣੀ ਦੇ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾਣ ਦਾ ਕੋਈ ਖਤਰਾ ਨਾ ਹੋਵੇ।

- ਕਾਰਾਂ ਆਦਿ ਦੇ ਸਾਰੇ ਫਾਲਤੂ ਤੇਲ, ਪੇਂਟ ਅਤੇ ਘੁਲਣ ਵਾਲੀਆਂ ਚੀਜ਼ਾਂ  ਨੂੰ ਲਾਜ਼ਮੀ ਤੌਰ ਤੇ ਸਹੀ ਤਰੀਕੇ ਨਾਲ ਰੀਸਾਈਕਲ ਕੀਤਾ ਜਾਵੇ ਅਤੇ/ਜਾਂ ਕਿਸੇ ਮਾਨਤਾ-ਪ੍ਰਾਪਤ ਕੰਪਨੀ ਦੁਆਰਾ ਸੁੱਟਿਆ ਜਾਂ ਰੀਸਾਈਕਲ ਕੀਤਾ ਜਾਵੇ।

- ਆਇਲ ਫਿਲਟਰਾਂ ਵਿੱਚੋਂ ਤੇਲ ਬਾਹਰ ਕੱਢ ਕੇ ਉਹਨਾਂ ਨੂੰ ਰੀਸਾਈਕਲ ਕਰਨ ਲਈ ਅਲੱਗ ਰੱਖਿਆ ਜਾਵੇ।

- ਅੰਦਰੂਨੀ ਨਾਲੀਆਂ ਦੇ ਸੈਨੀਟਰੀ ਸੀਵਰੇਜ ਸਿਸਟਮ ਨਾਲ ਕੁਨੈਕਸ਼ਨ ਨੂੰ ਮਾਨਤਾ-ਪ੍ਰਾਪਤ ਹੋਣੀ ਜ਼ਰੂਰੀ ਹੈ।

- ਜੇਕਰ ਤੁਹਾਡੀ ਥਾਂ ਤੇ ਖੜ੍ਹੀ ਗੱਡੀ ਵਿੱਚੋਂ ਤੇਲ ਆਦਿ ਬਾਹਰ ਨਿਕਲ ਰਿਹਾ ਹੈ ਤਾਂ ਇਸਨੂੰ ਸੰਭਾਲਣ ਲਈ ਉਸਦੇ ਹੇਠਾਂ ਡਰਿੱਪ ਪੈਨ ਰੱਖਣਾ ਚਾਹੀਦਾ ਹੈ। ਇਕੱਤਰ ਹੋਏ ਇਹਨਾਂ ਤਰਲ ਪਥਾਰਥਾਂ ਨੂੰ ਸਹੀ ਤਰੀਕੇ ਨਾਲ ਸੁੱਟਣ ਜਾਂ ਰੀਸਾਈਕਲ ਕਰਨ ਲਈ ਉਚਿੱਤ ਡੱਬਿਆਂ ਵਿੱਚ ਰੱਖਣਾ ਚਾਹੀਦਾ ਹੈ। ਗੱਡੀਆਂ ਦੇ ਤੇਲ ਆਦਿ,  ਘੁਲਣ ਵਾਲੀਆਂ ਚੀਜ਼ਾਂ, ਪੇਂਟ, ਕਲੀਨਰ, ਹਵਾ ਸਾਫ ਕਰਨ, ਤੇਜ਼ਾਬ ਅਤੇ ਕਾਸਟਿਕ ਦੇ ਸਾਰੇ ਨਵੇਂ ਜਾਂ ਪੁਰਾਣੇ ਡੱਬੇ ਸੁਰੱਖਿਅਤ ਜਗ੍ਹਾ ਤੇ ਰੱਖਣੇ ਚਾਹੀਦੇ ਹਨ।ਇਸ ਥਾਂ ਦੇ ਦੁਆਲੇ ਰੋਕ, ਨਾਲੀ ਅਤੇ ਛੱਤ ਦੀ ਲੋੜ ਪੈ ਸਕਦੀ ਹੈ। ਇਹਨਾਂ ਲੋੜਾਂ ਬਾਰੇ ਸਰੀ ਦੇ ਅੱਗ-ਬੁਝਾਊ ਵਿਭਾਗ ਤੋਂ ਪਤਾ ਕਰੋ।

- ਗੱਡੀਆਂ, ਸੰਦਾਂ ਅਤੇ ਸਾਜ਼ੋ-ਸਮਾਨ ਨੂੰ ਅਜੇਹੀ ਥਾਂ ਤੇ ਨਹੀਂ ਧੋਣਾ ਚਾਹੀਦਾ ਜਿੱਥੇ ਗੰਦਾ ਪਾਣੀ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਪੈ ਸਕਦਾ ਹੋਵੇ। ਇਹਨਾਂ ਨੂੰ ਕਿਸੇ ਨੀਯਤ ਥਾਂ ਤੇ ਧੋਵੇ ਜਿੱਥੇ ਗੰਦੇ ਪਾਣੀ ਦੇ ਸੀਵਰੇਜ ਵਿੱਚ ਜਾਣ ਤੋਂ ਪਹਿਲਾਂ ਉਸ ਵਿੱਚੋਂ ਤੇਲ ਨੂੰ ਰੋਕਣ ਦਾ ਪ੍ਰਬੰਧ ਹੋਵੇ। ਜਾਂ ਇਸ ਪਾਣੀ ਨੂੰ ਦੂਰ ਕਿਸੇ ਟੋਏ ਜਾਂ ਟੈਂਕ ਵਿੱਚ ਪਾਓ ਤਾਂ ਜੋ ਡਿਜ਼ਪੋਜ਼ਲ ਕੰਪਨੀ ਇਸਨੂੰ ਉੱਥੋਂ ਸੁੱਟਣ ਲਈ ਲਿਜਾ ਸਕੇ।ਇਸਦੇ ਲਈ ਮੈਟਰੋ ਵੈਨਕੂਵਰ ਤੋ ਵੇਸਟ ਡਿਸਚਾਰਜ ਪਰਮਿਟ ਦੀ ਲੋੜ ਪੈ ਸਕਦੀ ਹੈ।

- ਪਾਰਕਿੰਗ ਅਤੇ ਕੰਮ ਵਾਲੀਆਂ ਥਾਵਾਂ ਨੂੰ ਸੁੰਭਰੋ ਨਾ ਕਿ ਧੋਵੋ ਜਿਸ ਨਾਲ ਮਿੱਟੀ ਅਤੇ ਕਚਰਾ ਪਾਣੀ ਨਾਲ ਵਹਿ ਕੇ ਮੀਂਹ ਦਾ ਪਾਣੀ ਜਮ੍ਹਾਂ ਕਰਨ ਵਾਲੀਆਂ ਥਾਂਵਾਂ ਵਿੱਚ ਜਾ ਸਕਦੇ ਹਨ।

- ਯਕੀਨੀ ਬਣਾਓ ਕਿ ਸਾਰੇ ਮੁਲਾਜ਼ਮ ਜਾਣਦੇ ਹੋਣ ਕਿ ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਬੰਦੋਬਸਤ ਦੀ ਰਾਖੀ ਵਿੱਚ ਉਹਨਾਂ ਦੀ ਭੂਮਿਕਾ ਅਹਿਮ ਹੈ।